**<u>ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ ।</u>**

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(3704 ਅਸਾਮੀਆ ਵਿਰੱਧ ਸਿਲੈਕਟ ਹੋਏ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸਿਆ ਦੀਆ 3704 ਅਸਾਮੀਆ ਭਰਨ ਲਈ ਮਿਤੀ 28.02.2020 - 25.10.2020 ਨੂੰ ਇਸਤਿਹਾਰ ਦਿਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾ ਦੀ ਸੂਚੀ ਮਿਤੀ 25-02-2021, ਮਿਤੀ 04-03-2021, ਮਿਤੀ 13-03-2021 (ਅੰਗਰੇਜੀ ਅਤੇ ਹਿਸਾਬ), ਮਿਤੀ 17-03-2021 (ਪੰਜਾਬੀ, ਹਿੰਦੀ, ਸਮਾਜਿਕ ਸਿਖਿਆ ਅਤੇ ਸਾਇੰਸ), ਮਿਤੀ 18-03-2021 (ਹਿਸਾਬ) ਅਤੇ ਮਿਤੀ 25-03-2021 ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀ ਗਈ ਸੀ। ਇਹਨਾ ਉਮੀਦਵਾਰਾ ਨੂੰ ਮਿਤੀ 26-02-2021, ਮਿਤੀ 27-02-2021, ਮਿਤੀ 05-03-2021, ਮਿਤੀ 18-03-2021, ਮਿਤੀ 19-03-2021, ਮਿਤੀ 26-03-2021, ਮਿਤੀ 27-03-2021ਅਤੇ ਮਿਤੀ 03-04-2021 ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਉਪਰੋਕਤ ਦੀ ਲਗਾਤਾਰਤਾ ਵਿਚ ਅਗਲੇ ਸਿਲੈਕਟ ਕੀਤੇ ਉਮੀਦਵਾਰਾ ਦੀ **ਲਿਸਟ ਮਿਤੀ 11-04-2021** ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕਰ ਦਿੱਤੀ ਗਈ ਹੈ। ਇਹਨਾ ਸਿਲੈਕਟ ਕੀਤੇ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕੀਤੇ ਜਾਣੇ ਹਨ।

3.0 ਇਹਨਾਂ ਉਮੀਦਵਾਰ ਨੂੰ **ਮਿਤੀ 13-04-2021 ਨੂੰ 10.00 ਵਜੇ ਤੋ 1.00 ਵਜੇ ਤੱਕ** ਨਿੱਜੀ ਤੋਰ ਤੇ ਆਪਣਾ ਨਿਯੁਕਤੀ ਪੱਤਰ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਇਸ ਨੋਟਿਸ ਨਾਲ ਨੱਥੀ ਸਵੈ ਘੋਸਣਾ ਪੱਤਰ ਭਰਕੇ ਲੈ ਕੇ ਆਉਣਗੇ ਅਤੇ ਅਪਲਾਈ ਕਰਨ ਦਾ ਸਬੂਤ, ਅਤੇ ਆਪਣਾ ਪਹਿਚਾਣ ਪੱਤਰ ਲੈ ਕੇ **ਚੋਥੀ ਮੰਜਿਲ, ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਫੇਜ-8, ਐਸ ਏ ਐਸ ਨਗਰ ਵਿਖੇ ਹਾਜਰ ਹੋਣਗੇ।**

4.0 ਜੋ ਉਮੀਦਵਾਰ ਮਿਤੀ 27-03-2021 ਅਤੇ ਮਿਤੀ 03-04-2021 ਨੂੰ ਕਿਸੇ ਕਾਰਨ ਕਰਕੇ ਆਪਣਾਂ ਨਿਯੁਕਤੀ ਪੱਤਰ ਪ੍ਰਾਪਤ ਨਹੀ ਕਰ ਸਕੇ ਉਹਨਾਂ ਉਮੀਦਵਾਰਾਂ ਨੂੰ ਵੀ ਮਿਤੀ 13-04-2021 ਨੂੰ ਆਪਣਾਂ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਮੋਕਾ ਦਿੱਤਾ ਜਾਂਦਾ ਹੈ। ਇਸ ਉਪਰੰਤ ਇਹਨਾਂ ਦਾ ਨਿਯੁਕਤੀ ਪੱਤਰ ਲਈ ਕਲੇਮ ਵਿਚਾਰਿਆ ਨਹੀ ਜਾਵੇਗਾ।

5.0 ਉਪਰੋਕਤ ਉਮੀਦਵਾਰ ਹਾਜਰ ਹੋਣ ਸਮੇ ਸਰਕਾਰ ਦੀਆਂ ਕੋਵਿਡ-19 ਦੀਆ ਹਦਾਇਤਾਂ ਨੂੰ ਮੱਦੇਨਜਰ ਰੱਖਦੇ ਹੋਏ ਮਾਸਕ ਲਗਾਕੇ ਆਉਣਾ ਅਤੇ ਸੋਸਲ ਡਿਸਟੈਸਿੰਗ ਰੱਖਣਾ ਯਕੀਨੀ ਬਣਾਉਣਗੇ। ਜੋ ਵੀ ਉਮੀਦਵਾਰ ਕੋਵਿਡ ਦੀਆ ਹਦਾਇਤਾ ਦੀ ਪਾਲਣਾ ਨਹੀ ਕਰੇਗਾ ਉਸ ਨੂੰ entertain ਨਹੀ ਕੀਤਾ ਜਾਵੇਗਾ।

6.0 ਉਮੀਦਵਾਰ ਉਪਰੋਕਤ ਅਨੁਸਾਰ ਨਿਰਧਰਾਤ ਸਮੇ ਤੇ ਹੀ ਨਿਸਚਿਤ ਸਥਾਨ ਤੇ ਪਹੁੰਚਣਗੇ, ਨਿਰਧਾਰਤ ਸਮੇ ਤੋ ਪਹਿਲਾ ਕਿਸੇ ਉਮੀਦਵਾਰ ਨੂੰ entertain ਨਹੀ ਕੀਤਾ ਜਾਵੇਗਾ।

ਸਹਾਇਕ ਡਾਇਰੈਕਟਰ (ਸ:ਪ੍ਰ-2)
ਦ: ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 12-04-2021